# ਸਕੌਟਲੈਂਡ ਦੀਆਂ ਯੋਗਤਾਵਾਂ

## ਐਸ.ਕਿਊ.ਏ. (SQA)

# ਸੱਭ ਲਈ ਸਕੌਟਲੈਂਡ ਦੀਆਂ ਯੋਗਤਾਵਾਂ

**ਸਕੌਟਿਸ਼ ਕੁਆਲੀਫੀਕੇਸ਼ਨਜ਼ ਅਥੌਰੀਟੀ (ਐਸ.ਕਿਊ.ਏ.) (Scottish Qualifications Authority (SQA)) ਯੋਗਤਾਵਾਂ ਲਈ ਸਕੌਟਲੈਂਡ ਦੀ ਰਾਸ਼ਟਰੀ ਸੰਸਥਾ ਹੈ।** ਯੂਨੀਵਰਸਿੱਟੀ ਡਿੱਗਰੀਆਂ ਅਤੇ ਕੁੱਝ ਪੇਸ਼ਾਵਰ-ਸੰਸਥਾ ਯੋਗਤਾਵਾਂ ਤੋਂ ਇਲਾਵਾ ਅਸੀਂ ਸਕੌਟਲੈਂਡ ਦੀਆਂ ਸੱਭ ਯੋਗਵਾਵਾਂ ਦੇ ਵਿਕਾਸ, ਪਰਵਾਨਤ ਕਰਾਉਣ, ਨਿਰਧਾਰਨ ਅਤੇ ਪਰਮਾਣੀਕਰਨ ਲਈ ਜ਼ਿੰਮੇਵਾਰ ਹਾਂ।

**ਐਸ.ਕਿਊ.ਏ. (SQA) ਸੱਭ ਲਈ ਯੋਗਤਾਵਾਂ ਪੇਸ਼ ਕਰਦੀ ਹੈ** – ਸਕੂਲਾਂ ਅਤੇ ਕਾਲਜਾਂ ਵਿੱਚ ਵਿੱਦਿਆਰਥੀਆਂ; ਸਿੱਖਿਆਰਥੀਆਂ ਅਤੇ ਅਪਰੈਂਟਿਸਾਂ, ਜਿਨ੍ਹਾਂ ਲੋਕਾਂ ਕੋਲ ਪਹਿਲਾਂ ਹੀ ਯੋਗਤਾਵਾਂ ਹਨ ਅਤੇ ਜਿਨ੍ਹਾਂ ਕੋਲ ਨਹੀਂ ਹਨ; ਜਿਹੜੇ ਕੰਮ ਕਰ ਰਹੇ ਹਨ ਅਤੇ ਜਿਹੜੇ ਨਹੀਂ ਕਰ ਰਹੇ। ਸਾਡੀਆਂ ਯੋਗਤਾਵਾਂ ਬਹੁਤ ਪ੍ਰਕਾਰ ਦੀਆਂ ਮੁਹਾਰਤਾਂ ਅਤੇ ਗਿਆਨ ਮੁਹਈਆ ਕਰਦੀਆਂ ਹਨ, ਜਿਨ੍ਹਾਂ ਵਿੱਚ ਭਾਸ਼ਾਵਾਂ, ਹਿਸਾਬ, ਇਤਹਾਸ ਅਤੇ ਸਾਇੰਸ ਤੋਂ ਲੈ ਕੇ ਹਿਸਾਬ ਕਿਤਾਬ, ਖੇਤੀ ਬਾੜੀ, ਉਤਪਾਦਿਨ ਅਤੇ ਕੰਪਿਊਟਿੰਗ ਸ਼ਾਮਲ ਹਨ। ਅਸੀਂ ਉਨ੍ਹਾਂ ਸਿੱਖਿਆਰਥੀਆਂ ਲਈ ਵੀ ਯੋਗਤਾਵਾਂ ਮੁਹਈਆ ਕਰਦੇ ਹਾਂ ਜਿਨ੍ਹਾਂ ਦੀ ਮਾਤਭਾਸ਼ਾ ਅੰਗਰੇਜ਼ੀ ਨਹੀਂ ਹੈ।

ਪਹਿਲੀ ਨਜ਼ਰੇ, ਸਕੌਟਲੈਂਡ ਦੀ ਯੋਗਤਾ ਵਿਵਸਥਾ ਸ਼ਾਇਦ ਗੁੰਝਲਦਾਰ ਅਨੁਭਵ ਹੋਵੇ ਪਰ ਅਸਲ ਵਿੱਚ ਇਹ ਸਮਝਣ ਲਈ ਕਾਫੀ ਆਸਾਨ ਅਤੇ ਸਿੱਧੀ ਸਾਧੀ ਹੈ। ਸਾਡਾ ਬੁਨਿਆਦੀ ਟੀਚਾ 'ਸਿੱਖਿਆ ਪੌੜੀ' (ਜਾਂ ਸ਼ਾਇਦ ਚੜਨ ਵਾਲਾ ਫਰੇਮ ਜਿਆਦਾ ਸੁੱਧ ਹੋਵੇਗਾ, ਕਿਉਂ ਕਿ ਤੁਸੀਂ ਉੱਪਰ ਹੇਠਾਂ ਦੇ ਨਾਲ ਲੇਟਵੇਂ ਪਾਸੇ ਨੂੰ ਵੀ ਜਾ ਸਕਦੇ ਹੋ) ਮੁਹਈਆ ਕਰਨਾ ਹੈ ਜਿਹੜਾ ਸੱਭ ਨੂੰ ਉਨ੍ਹਾਂ ਦੀ ਯੋਗਤਾ ਅਨੁਸਾਰ ਵੱਧ ਤੋਂ ਵੱਧ ਸੰਪੂਰਨ ਅਤੇ ਅਸਲੀ ਤਰੱਕੀ ਕਰਨ ਦੇ ਮੌਕੇ ਪ੍ਰਦਾਨ ਕਰਦਾ ਹੈ।

ਹਰ ਪ੍ਰਾਪਤੀ ਦੇ ਪੱਧਰ ਤੇ ਯੋਗਤਾਵਾਂ ਮੌਜੂਦ ਹਨ। ਕਰੀਬ ਸਕੂਲਾਂ ਦੇ ਸੱਭ ਪਰੀਖਿਆਰਥੀ ਸਕੰਡਰੀ ਸਕੂਲ ਦੇ ਚੌਥੇ ਸਾਲ ਵਿੱਚ ਐਸ.ਕਿਊ.ਏ. (SQA) ਯੋਗਤਾਵਾਂ ਪ੍ਰਾਪਤ ਕਰਦੇ ਹਨ, ਅਤੇ ਜਿਆਦਾ ਬਹੁਤਾਤ ਪੰਜਵੇਂ ਜਾਂ ਛੇਵੇਂ ਸਾਲ ਜਾਂ ਅੱਗਲੇਰੀ ਵਿੱਦਿਆ ਦੇ ਕਾਲਜਾਂ ਵਿੱਚ ਹੋਰ ਅਗਾਂਹ ਦੀਆਂ ਯੋਗਤਾਵਾਂ ਵੀ ਪ੍ਰਾਪਤ ਕਰ ਲੈਂਦੇ ਹਨ। ਕੰਮ ਵਾਲੇ ਥਾਂ ਤੇ ਯੋਗਤਾਵਾਂ ਪ੍ਰਾਪਤ ਕਰਨ ਵਾਲਿਆਂ ਦੀ ਵੀ ਗਿਣਤੀ ਵੱਧ ਰਹੀ ਹੈ, ਜਿੱਥੇ ਅਸੀਂ ਹੇਠਲੇ ਦਰਜੇ ਤੋਂ ਲੈ ਕੇ ਪੇਸ਼ਾਵਰ ਪੱਧਰ ਤੱਕ ਯੋਗਤਾਵਾਂ ਮੁਹਈਆ ਕਰਦੇ ਹਾਂ।

## ਪ੍ਰਾਪਤੀ ਦਾ ਢਾਂਚਾ

ਐਸ.ਕਿਊ.ਏ. (SQA's) ਦੀਆਂ ਯੋਗਤਾਵਾਂ ਦੀ ਦਰਜਾਬੰਧੀ ਸਮਝਣ ਲਈ, ਸਕੌਟਿਸ਼ ਕਰੈਡਿੱਟ ਐਂਡ ਕੁਆਲੀਫੀਕੇਸ਼ਨਜ਼ ਫਰੇਮਵਰਕ (ਐਸ.ਸੀ.ਕਿਊ.ਐਫ.) (Scottish Credit and Qualifications Framework (SCQF)) ਬਾਰੇ ਜਾਣਕਾਰੀ, ਅਤੇ ਇਹ ਕਿਸ ਤਰ੍ਹਾਂ ਕੰਮ ਕਰਦੀ ਹੈ, ਬਾਰੇ ਕੁੱਝ ਜਾਣਕਾਰੀ ਪ੍ਰਾਪਤ ਕਰਨੀ ਲਾਭਕਾਰੀ ਹੋਵੇਗੀ।

**ਅਸੀਂ ਆਪਣੇ ਕੁੱਝ ਸਾਥੀਆਂ ਸਮੇਤ, ਜਿਨ੍ਹਾਂ ਵਿੱਚ ਸਕੌਟਲੈਂਡ ਦੀਆਂ ਯੂਨੀਵਰਟੀਆਂ ਵੀ ਸ਼ਾਮਲ ਹਨ, ਨੇ ਐਸ.ਸੀ.ਕਿਊ.ਐਫ. (SCQF) ਵਿਕਸਤ ਅਤੇ ਜਾਰੀ ਕੀਤਾ ਹੈ। ਸਕੌਟਲੈਂਡ ਦੀਆਂ ਯੋਗਤਾਵਾਂ ਨੂੰ ਸਮਝਣ ਅਤੇ ਉਨ੍ਹਾਂ ਦੀ ਇੱਕ ਦੂਜੇ ਨਾਲ ਤੁਲਨਾ ਕਰਨ ਦਾ ਇਹ ਆਸਾਨ ਤਰੀਕਾ ਹੈ। ਸਕੌਟਲੈਂਡ ਦੀਆਂ ਯੋਗਤਾਵਾਂ ਦੇ ਦਾਇਰੇ ਨੂੰ ਸਮਝਣ ਲਈ ਆਸਾਨ ਬਣਾਉਣ ਨਾਲ, ਐਸ.ਸੀ.ਕਿਊ.ਐਫ. ਯੋਗਤਾਵਾਂ ਵਿੱਚਕਾਰ ਤਰੱਕੀ ਅਤੇ ਤਬਦੀਲੀ ਵਧੇਰੇ ਆਸਾਨ ਬਣਾ ਦਿੰਦੀ ਹੈ।**

ਐਸ.ਸੀ.ਕਿਊ.ਐਫ. ਯੋਗਤਾਵਾਂ ਨੂੰ ਦਰਜਾ ਦਿੰਦੀ ਹੈ, ਨਾਲੇ ਇਹ ਦਸਦੀ ਹੈ ਕਿ ਹਰ ਇੱਕ ਯੋਗਤਾ ਲਈ ਸਿੱਖਲਾਈ ਕਿੰਨ੍ਹੀ ਮੁਸ਼ਕਲ ਹੈ। ਐਸ.ਸੀ.ਕਿਊ.ਐਫ. ਵਿੱਚ 12 ਦਰਜੇ ਹਨ, ਦਰਜਾ 1 ਸੱਭ ਤੋਂ ਆਸਾਨ ਅਤੇ ਦਰਜਾ 12 ਸੱਭ ਤੋਂ ਵੱਧ ਮੁਸ਼ਕਲ।

ਹਰ ਇੱਕ ਯੋਗਤਾ ਲਈ ਕਰੈਡਿੱਟ ਪੌਇੰਟਸ ਹਨ। ਪੌਇੰਟਾਂ ਦੀ ਗਿਣਤੀ ਤੋਂ ਪਤਾ ਲੱਗਦਾ ਹੈ ਕਿ ਉਹ ਯੋਗਤਾ ਪ੍ਰਾਪਤ ਕਰਨ ਲਈ ਕਿੰਨ੍ਹੀ ਸਿੱਖਲਾਈ ਕਰਨ ਦੀ ਲੋੜ ਹੈ। ਇੱਕ ਐਸ.ਸੀ.ਕਿਊ.ਐਫ. ਕਰੈਡਿੱਟ ਪੌਇੰਟ ਕਰੀਬ 10 ਘੰਟਿਆਂ ਦੀ ਸਿੱਖਲਾਈ ਬਰਾਬਰ ਹੈ (ਜਿਸ ਵਿੱਚ ਮੁਲਾਂਕਨ ਵੀ ਸ਼ਾਮਲ ਹੈ), ਇਸ ਕਰਕੇ 24 ਐਸ.ਸੀ.ਕਿਊ.ਐਫ. ਕਰੈਡਿੱਟ ਪੌਇੰਟ ਵਾਲੀ ਯੋਗਤਾ ਪ੍ਰਾਪਤ ਕਰਨ ਵਾਲੇ ਸਿੱਖਿਆਰਥੀ ਨੇ ਕਰੀਬ 240 ਘੰਟੇ ਸਿੱਖਲਾਈ ਕੀਤੀ ਹੋਵੇਗੀ।

ਸਾਡੀਆਂ ਸਾਰੀਆਂ ਯੋਗਤਾਵਾਂ ਐਸ.ਸੀ.ਕਿਊ.ਐਫ. ਵਿੱਚ ਸ਼ਾਮਲ ਹਨ। ਸਾਡੇ ਵੱਲੋਂ ਸਿੱਖਿਆਰਥੀਆਂ ਨੂੰ ਜਾਰੀ ਕੀਤੇ ਗਏ ਸਰਟੀਫਿਕੇਟਾਂ ਉੱਪਰ ਦਰਜੇ ਅਤੇ ਕਰੈਡਿੱਟ ਪੌਇੰਟ ਲਿੱਖੇ ਹੁੰਦੇ ਹਨ। ਹੇਠਾਂ ਸਾਰਨੀ ਵਿੱਚ ਦਿਖਾਲਿਆ ਗਿਆ ਹੈ ਕਿ ਐਸ.ਕਿਊ.ਏ. ਯੋਗਤਾਵਾਂ ਅਤੇ ਯੂਨੀਵਰਸਿਟੀਆਂ ਵੱਲੋਂ ਜਾਰੀ ਕੀਤੀਆਂ ਯੋਗਤਾਵਾਂ ਐਸ.ਸੀ.ਕਿਊ.ਐਫ. ਵਿੱਚ ਕਿਸ ਪੱਧਰ ਤੇ ਆਉਂਦੀਆਂ ਹਨ।

ਸਕੌਟਿਸ਼ ਕਰੈਡਿੱਟ ਐਂਡ ਕੁਆਲੀਫੀਕੇਸ਼ਨਜ਼ ਫਰੇਮਵਰਕ ਵਿੱਚ ਐਸ.ਕਿਊ.ਏ. ਯੋਗਤਾਵਾਂ

| ਐਸ.ਸੀ. ਕਿਊ.ਐਫ. ਦਰਜੇ | | | | | | | ਐਸ.ਸੀ. ਕਿਊ.ਐਫ ਦਰਜੇ |
|---|---|---|---|---|---|---|---|
| 12 | | | | ਡੌਕਟੋਰੇਟ* | | | 12 |
| 11 | | | | ਮਾਸਟਰਸ* | | ਐਸ.ਵੀ. ਕਿਊ.5 | 11 |
| 10 | | | | ਹੌਨਰਜ਼ ਡਿੱਗਰੀ* | ਪੇਸ਼ੇਵਾਰਾਨਾ ਵਿਕਾਸ ਲਈ ਅਵੌਰਡਜ਼ | | 10 |
| 9 | | | | ਆਮ ਡਿੱਗਰੀ* | | ਐਸ.ਵੀ. ਕਿਊ.4 | 9 |
| 8 | | | | ਹਾਇਅਰ ਨਾਸ਼ਨਲ ਡਿੱਪਲੋਮਾ | | | 8 |
| 7 | ਅੱਡਵਾਂਸਡ ਹਾਇਅਰ | | | ਹਾਇਅਰ ਨਾਸ਼ਨਲ ਸਰਟੀਫਿਕੇਟ | | ਐਸ.ਵੀ. ਕਿਊ.3 | 7 |
| 6 | ਹਾਇਅਰ | | | | | | 6 |
| 5 | ਇੰਟਰਮੀਡੀਏਟ 2/ ਕਰੈਡਿੱਟ ਸਟਾਂਡਰਡ ਗਰੇਡ | ਨਾਸ਼ਨਲ ਪ੍ਰੋਗ੍ਰੈਸ਼ਨ ਅਵੌਰਡਸ | ਰਾਸ਼ਟਰੀ ਸਰਟੀਫਿਕੇਟ | | | ਐਸ.ਵੀ. ਕਿਊ.2 | 5 |
| 4 | ਇੰਟਰਮੀਡੀਏਟ 1/ ਜੈਨਰਲ ਸਟਾਂਡਰਡ ਗਰੇਡ | | | | | ਐਸ.ਵੀ. ਕਿਊ.1 | 4 |
| 3 | ਆਕਸੈਸ 3/ ਫਾਊਂਡੇਸ਼ਨ ਸਟਾਂਡਰਡ ਗਰੇਡ | | | | | | 3 |
| 2 | ਆਕਸੈਸ 2 | | | | | | 2 |
| 1 | ਆਕਸੈਸ 1 | | | | | | 1 |

* ਉਚੇਰੀ ਵਿੱਦਿਆ ਦਿਆਂ ਸੰਸਥਾਵਾਂ ਦੀਆਂ ਨਿਸਚਿੱਤ ਮਿਆਰ ਦੀਆਂ ਯੋਗਤਾਵਾਂ

## ਅਨੁਕੂਲ ਹੋਣ ਵਾਲੀਆਂ ਯੋਗਤਾਵਾਂ

**ਅਸੀਂ ਤਿੰਨ ਮੁੱਖ ਪ੍ਰਕਾਰ ਦੀਆਂ ਯੋਗਤਾਵਾਂ ਲਈ ਜਿੰਮੇਵਾਰ ਹਾਂ:**

- **ਯੂਨਿਟਾਂ**
- **ਕੋਰਸ**
- **ਸਮੂਹ ਪੁਰਸਕਾਰ (Group Awards)**

**ਇਹ ਯਕੀਨੀ ਬਣਾਉਣ ਲਈ ਕਿ ਯੋਗਤਾਵਾਂ ਆਪਣੇ ਮੰਤਵ ਨਾਲ ਸੰਬੰਧਿਤ ਅਤੇ ਲਈ ਉਚਿੱਤ ਹੋਣ ਇਹ ਵਿੱਦਿਆ, ਸੰਨਤ, ਅਤੇ ਸਰਕਾਰ ਨਾਲ ਸਾਂਝਦਾਰੀ ਵਿੱਚ ਵਿਕਸਤ ਕੀਤੀਆਂ ਅਤੇ ਕਾਇਮ ਰੱਖੀਆਂ ਜਾਂਦੀਆਂ ਹਨ।**

ਲੋਕੀਂ ਸਾਡੀਆਂ ਯੋਗਤਾਵਾਂ ਆਪਣੇ ਜੀਵਨ ਦੇ ਹਰ ਪੜਾ ਤੇ ਪ੍ਰਾਪਤ ਕਰਦੇ ਹਨ – ਸਕੂਲ ਵਿੱਚ, ਕਾਲਜ ਵਿੱਚ, ਕੰਮ ਤੇ ਅਤੇ ਆਪਣੇ ਵਿਸ਼ਰਾਮ ਸਮੇਂ ਵਿੱਚ।

**ਨਵੀਂਆਂ ਵਸਤੂਆਂ ਅਤੇ ਸੇਵਾਵਾਂ ਸਾਡੀਆਂ ਯੋਗਤਾਵਾਂ ਨੂੰ ਯਕੀਨੀ ਤੌਰ ਤੇ ਸੰਬੰਧਿਤ ਰੱਖ਼ ਦੀਆਂ ਹਨ।**

ਔਨਲਾਇਨ ਮੁਲਾਂਕਣ (ਜਾਂ 'ਈ-ਮੁਲਾਂਕਣ') ਸਕੂਲ ਅਤੇ ਕਾਲਜ ਦੀਆਂ ਯੋਗਤਾਵਾਂ ਲਈ ਪ੍ਰਫੁੱਲਤ ਹੋ ਰਿਹਾ ਹੈ। ਅਸੀਂ ਨਤੀਜੇ ਔਨਲਾਇਨ ਤੇ ਦੱਸ ਦਿੰਦੇ ਹਾਂ, ਅਤੇ ਸਮੂਹ ਪ੍ਰੋਜੈਕਟ ਦੇ ਕੰਮ ਲਈ ਸਮਾਜਿਕ ਸੌਫਟਵੇਅਰ ਮੁਹਈਆ ਕਰਦੇ ਹਾਂ।

ਸਾਡੀਆਂ ਯੋਗਤਾਵਾਂ ਪ੍ਰਦਾਨ ਕਰਨ ਵਾਲਿਆਂ ਲਈ ਅਸੀਂ ਵੱਧ ਰਹੇ ਪ੍ਰਕਾਰ ਦਾ ਨਿਰੰਤਰ ਜਾਰੀ ਪੇਸ਼ੇਵਾਰਾਨਾ ਵਿਕਾਸ (Continuing Professional Development) ਪੇਸ਼ ਕਰਦੇ ਹਾਂ।

ਐਸ.ਕਿਊ.ਏ. ਨੂੰ ਵਿੱਦਿਆ ਅਤੇ ਸਿੱਖਲਾਈ ਪ੍ਰਤੀ ਸੰਸਾਰੀਕਰਨ ਦਿਆਂ ਵੰਗਾਰਾਂ ਦੀ ਪਛਾਣ ਅਤੇ ਸਾਹਮਣਾ ਕਰਨ ਲਈ ਸੱਭ ਤੋਂ ਅੱਗੇ ਸਮਝਿਆ ਜਾਂਦਾ ਹੈ।

## ਯੂਨਿਟਾਂ

**ਬਹੁਤੀਆਂ ਯੂਨਿਟਾਂ ਸਿੱਖਲਾਈ ਦੇ 40 ਘੰਟੇ ਸਮੇਂ ਵਿੱਚ ਪੂਰੀਆਂ ਹੋਣ ਲਈ ਬਣਾਈਆਂ ਗਈਆਂ ਹਨ ਅਤੇ ਸਿੱਖਆਰਥੀਆਂ ਤੋਂ ਕੁੱਝ ਵਾਧੂ ਆਪ ਇਕੱਲਿਆਂ ਤੋਂ ਕੰਮ ਕਰਨ ਦੀ ਵੀ ਆਸ ਰੱਖੀ ਜਾਂਦੀ ਹੈ।** ਯੂਨਿਟ ਪ੍ਰਾਪਤ ਕਰਨ ਲਈ ਤੁਹਾਨੂੰ ਅਸੈਸਮੈਂਟ ਪਾਸ ਕਰਨਾ ਪੈਂਦਾ ਹੈ (ਮੁਲਾਂਕਣ) – ਕੋਰਸ ਦਾ ਕੰਮ, ਟੈਸਟ, ਜਾਂ ਅਭਿਆਸ ਦਾ ਕੰਮ ਜੋ ਅਧਿਆਪਕ, ਲੈਕਚਰਾਰ ਜਾਂ ਸਿਖਾਲਣ ਵਾਲਾ ਮਾਰਕ ਕਰਦੇ ਹੈ। ਅਸੈਸਮੈਂਟਾਂ ਐਸ.ਕਿਊ.ਏ. ਆਪ ਚੈਕ ਕਰਦੀ ਹੈ।

### ਨਾਸ਼ਨਲ ਯੂਨਿਟਾਂ

ਨਾਸ਼ਨਲ ਯੂਨਿਟਾਂ ਸਕੂਲਾਂ, ਕਾਲਜਾਂ ਅਤੇ ਹੋਰ ਸਿੱਖਲਾਈ ਕੇਂਦਰਾਂ ਵਿੱਚ ਪ੍ਰਾਪਤ ਕੀਤੀਆਂ ਜਾ ਸਕਦੀਆਂ ਹਨ। ਸਾਇੰਸ, ਇੰਜਨੀਰਿੰਗ, ਖੇਤੀਬਾੜੀ ਅਤੇ ਦੇਖਭਾਲ ਵਰਗੇ ਮਜ਼ਮੂਨਾਂ ਵਿੱਚ 3,500 ਤੋਂ ਵੱਧ ਯੂਨਿਟਾਂ ਪ੍ਰਾਪਤ ਕੀਤੀਆਂ ਜਾਂ ਸਕਦੀਆਂ ਹਨ।

ਨਾਸ਼ਨਲ ਯੂਨਿਟਾਂ, ਨਾਸ਼ਨਲ ਕੋਰਸਾਂ, ਨਾਸ਼ਨਲ ਪ੍ਰੋਗਰੈਸ਼ਨ ਅਵੌਰਡਸ (ਐਨ.ਪੀ.ਏ.) ਅਤੇ ਨਾਸ਼ਨਲ ਸਰਟੀਫਿਕੇਟਸ (ਐਨ.ਸੀ.) ਪ੍ਰਾਪਤ ਕਰਨ ਲਈ ਵਰਤੀਆਂ ਜਾ ਸਕਦੀਆਂ ਹਨ। ਐਸ.ਸੀ.ਕਿਊ.ਐਫ. ਦੇ ਵੱਖਰੇ ਵੱਖਰੇ ਦਰਜਿਆਂ ਤੇ ਨਾਸ਼ਨਲ ਯੂਨਿਟਾਂ ਨੂੰ ਇਹ ਨਾਮ ਦਿੱਤੇ ਗਏ ਹਨ:

| | |
|---|---|
| **ਦਰਜਾ 1** | ਅੱਕਸੈਸ 1 |
| **ਦਰਜਾ 2** | ਅੱਕਸੈਸ 2 |
| **ਦਰਜਾ 3** | ਅੱਕਸੈਸ 3 |
| **ਦਰਜਾ 4** | ਇੰਟਰਮੀਡੀਏਟ 1 |
| **ਦਰਜਾ 5** | ਇੰਟਰਮੀਡੀਏਟ 2 |
| **ਦਰਜਾ 6** | ਹਾਇਅਰ |
| **ਦਰਜਾ 7** | ਅੱਡਵਾਂਸਡ ਹਾਇਅਰ |

ਦਰਜੇ 1 ਤੋਂ 6 ਤੱਕ, ਹਰ ਇੱਕ ਯੂਨਿਟ ਦੀ ਕੀਮਤ ਛੇ ਐਸ.ਸੀ.ਕਿਊ.ਐਫ. ਕਰੈਡਿੱਟ ਪੌਇੰਟਾਂ ਬਰਾਬਰ ਹੁੰਦੀ ਹੈ। ਦਰਜੇ 7 ਤੋਂ,ਹਰ ਇੱਕ ਯੂਨਿਟ ਦੀ ਕੀਮਤ ਅੱਠ ਐਸ.ਸੀ.ਕਿਊ.ਐਫ. ਕਰੈਡਿੱਟ ਪੌਇੰਟਾਂ ਬਰਾਬਰ ਹੁੰਦੀ ਹੈ।

### ਹਾਇਅਰ ਨਾਸ਼ਨਲ ਯੂਨਿਟਸ

ਇਹ ਆਮ ਤੌਰ ਤੇ ਕਾਲਜ ਵਿੱਚ ਪ੍ਰਾਪਤ ਕੀਤੀਆਂ ਜਾਂਦੀਆਂ ਹਨ, ਹਾਇਅਰ ਨਾਸ਼ਨਲ ਯੂਨਿਟਸ, ਹਾਇਅਰ ਨਾਸ਼ਨਲ ਸਰਟੀਫਿਕੇਟਾਂ (ਏਚ.ਐਨ.ਸੀ.) ਅਤੇ ਹਾਇਅਰ ਨਾਸ਼ਨਲ ਡਿੱਪਲੋਮਿਆਂ (ਏਚ.ਐਨ.ਡੀ.) ਦੀ ਪ੍ਰਾਪਤੀ ਲਈ ਬੁਨਿਆਦੀ ਨਿਰਮਾਣ ਬਲਾਕ ਹਨ ਭਾਵੇਂ ਇਹ ਖ਼ੁੱਦ ਆਪਣੇ ਆਪ ਵਿੱਚ ਵੀ ਯੋਗਤਾਵਾਂ ਹਨ।

ਹਾਇਅਰ ਨਾਸ਼ਨਲ ਯੂਨਿਟਾਂ ਉਨ੍ਹਾਂ ਮੁਹਾਰਤਾਂ ਅਤੇ ਗਿਆਨ ਦੀ ਪੂਰਤੀ ਕਰਦੀਆਂ ਹਨ ਜਿਹੜੀਆਂ ਦਰਮਿਆਨੇ ਪ੍ਰਬੰਧਕੀ ਢਾਂਚੇ ਅਤੇ ਟੈਕਨਿਸ਼ਨ ਦਰਜੇ ਦੀਆਂ ਨੌਕਰੀਆਂ ਤੇ ਲੋਕਾਂ ਨੈ ਲੋੜ ਹੁੰਦੀ ਹੈ। ਇਨ੍ਹਾਂ ਦੀ ਬਹੁਤੀ ਵਾਰੀ ਵਰਤੋਂ ਉੱਚੇਰੀ ਵਿੱਦਿਆ ਦੇ ਕੋਰਸਾਂ ਵਿੱਚ ਦਾਖਲਾ ਲੈਣ ਲਈ ਵੀ ਕੀਤੀ ਜਾਂਦੀ ਹੈ।

ਇਨ੍ਹਾਂ ਯੂਨਿਟਾਂ ਨੂੰ ਅਧਿਕਾਰ ਪ੍ਰਾਪਤ 'ਪ੍ਰਵਾਨਗੀ' ਐਸ.ਕਿਊ.ਏ. ਤੋਂ ਮਿਲਦੀ ਹੈ। ਇਨ੍ਹਾਂ ਯੂਨਿਟਾਂ ਦੇ ਵਿਕਾਸ ਵਿੱਚ ਕਾਲਜ ਨਜ਼ਦੀਕੀ ਤੌਰ ਤੇ ਸ਼ਾਮਲ ਹਨ, ਅਤੇ ਯੂਨਿਟਾਂ ਨੂੰ ਸਖ਼ਤ, ਪ੍ਰਕਾਸ਼ਤ ਮਾਪਦੰਡਾਂ ਦੇ ਅਨੁਕੂਲ ਹੋਣਾ ਲਾਜ਼ਮੀ ਹੈ।

ਏਚ.ਐਨ.(HN) ਯੂਨਿਟਾਂ ਦੇ 8 ਐਸ.ਸੀ.ਕਿਊ.ਐਫ. ਕਰੈਡਿੱਟ ਪੌਇੰਟਾਂ ਹੁੰਦੇ ਹਨ ਅਤੇ ਐਸ.ਸੀ.ਕਿਊ.ਐਫ. ਦੇ ਅਲੱਗ ਅਲੱਗ ਦਰਜਿਆਂ ਤੇ ਨਿਯੁੱਕਤ ਹੋ ਸਕਦੇ ਹਨ, ਆਮ ਤੌਰ ਤੇ ਦਰਜੇ 6 ਅਤੇ 9 ਵਿੱਚਕਾਰ ਹੁੰਦੇ ਹਨ।

## ਐਸ.ਵੀ.ਕਿਊ. (SVQ) ਯੂਨਿਟਾਂ

ਐਸ.ਵੀ.ਕਿਊ. (SVQ) ਯੂਨਿਟਾਂ ਰਾਸ਼ਟਰੀ ਸਮਰੱਥਾ ਦੇ ਮਿਆਰਾਂ ਉੱਪਰ ਆਧਾਰਿਤ ਹਨ, ਜਿਨ੍ਹਾਂ ਨੂੰ ਸਹੀ ਤੌਰ ਤੇ ਨਾਸ਼ਨਲ ਔਕਿਊਪੇਸ਼ਨਲ ਸਟਾਂਡਰਡਸ (ਰਾਸ਼ਟਰੀ ਵਿਵਸਾਇਕ ਮਿਆਰ) ਆਖਿਆ ਜਾਂਦਾ ਹੈ। ਇਹ ਸਰਕਾਰ ਦੀ ਸ੍ਰਰਪਰਸਤੀ ਵਾਲੇ ਸੈਕਟਰ ਸਕਿਲਜ਼ ਕੌਂਸਲ (ਖੇਤਰ ਮੁਹਾਰਤਾਂ ਦੀ ਕੌਂਸਲ) ਅਲੀਕਦੀ ਹੈ ਜਿਸ ਵਿੱਚ ਪੇਸ਼ਾਵਰ ਸੰਸਥਾਵਾਂ, ਮਾਲਕ ਅਤੇ ਵਿਸ਼ੇਸ਼ੱਗ ਸ਼ਾਮਲ ਹਨ। ਬਹੁਤਾਤ ਸੰਨਤਾਂ ਲਈ ਸੈਕਟਰ ਸਕਿਲਜ਼ ਕੌਂਸਲਾਂ ਮੌਜੂਦ ਹਨ।

ਹਰ ਇੱਕ ਐਸ.ਵੀ.ਕਿਊ. (SVQ) ਯੂਨਿਟ ਨੌਕਰੀ ਦੇ ਇੱਕ ਪੱਖ ਨੂੰ ਸਪਸ਼ਟ ਕਰਦੀ ਹੈ, ਅਤੇ ਪਛਾਣ ਕਰਦੀ ਹੈ ਕਿ ਕੰਮ ਦੀ ਉਸ ਭੂਮਿਕਾ ਵਿੱਚ ਕੀ ਯੋਗਤਾ ਹੋਣੀ ਲਾਜ਼ਮੀ ਹੈ। ਯੂਨਿਟ ਪ੍ਰਾਪਤ ਕਰਨ ਲਈ, ਪਰੀਖਿਆਰਥੀਆਂ ਨੂੰ ਸਬੂਤ ਪੇਸ਼ ਕਰਨਾ ਪੈਂਦਾ ਹੈ ਕਿ ਉਹ ਸਮਰੱਥ ਹਨ।

ਐਸ.ਵੀ.ਕਿਊ. ਯੂਨਿਟਾਂ ਨਿਰਮਾਣ ਕਰਕੇ ਸਕੌਟਿਸ਼ਸ਼ ਵੋਕੇਸ਼ਨਲ ਕੁਆਲੀਫੀਕੇਸ਼ਨਸਨਜ਼ (ਸਕੌਟਲੈਂਡ ਦੀਆਂ ਵਿਵਸਾਇਕ ਯੋਗਤਾਵਾਂ) ਪ੍ਰਾਪਤ ਕਰਨ ਲਈ ਵਰਤੀਆਂ ਜਾ ਸਕਦੀਆਂ ਹਨ। ਦਰਜੇ 3 ਤੇ ਐਸ.ਵੀ.ਕਿਊਜ਼ (SVQs) ਅਧੁਨਿਕ ਅਪਰੈਂਟਿਸਸ਼ਿਪਾਂ ਦੇ ਬੁਨਿਆਦੀ ਤੱਤ ਹਨ।

ਐਸ.ਸੀ.ਕਿਊ.ਐਫ. (SCQF) ਕਰੈਡਿੱਟ ਪੌਇੰਟਾਂ ਦੀ ਗਿਣਤੀ ਅਤੇ ਐਸ.ਵੀ.ਕਿਊ. (SVQ) ਯੂਨਿਟ ਦਾ ਦਰਜਾ ਸੰਨਤ ਦੀ ਲੋੜ ਉੱਪਰ ਅਧਾਰਿਤ ਹੁੰਦਾ ਹੈ।

# ਕੋਰਸ

## ਇੱਕ ਮਿਆਰੀ ਗਰੇਡ

ਇੱਕ ਮਿਆਰੀ ਗਰੇਡ ਆਮ ਤੌਰ ਤੇ ਸਕੰਡਰੀ ਸਕੂਲ ਦੇ ਤੀਸਰੇ ਅਤੇ ਚੌਥੇ ਦੋ ਸਾਲਾਂ ਦੀ ਪੜਾਈ ਦੌਰਾਨ ਪ੍ਰਾਪਤ ਕੀਤੇ ਜਾਂਦੇ ਹਨ। ਇਨ੍ਹਾਂ ਕੋਰਸਾਂ ਦੇ ਅਲੱਗ ਅਲੱਗ ਹਿੱਸੇ ਹਨ, ਜਿਨ੍ਹਾਂ ਨੂੰ ਐਲੀਮੈਂਟਸ ਆਖਦੇ ਹਨ, ਆਮ ਤੌਰ ਤੇ ਇਨ੍ਹਾਂ ਦੇ ਅੰਤ ਤੇ ਇਮਤਿਹਾਨ ਹੁੰਦਾ ਹੈ।

ਐਸ.ਸੀ.ਕਿਊ.ਐਫ. (SCQF) ਦੇ ਦਰਜੇ 3, 4 ਅਤੇ 5 ਦੇ ਇੱਕ ਮਿਆਰੀ ਗਰੇਡਾਂ ਨੂੰ ਇਹ ਆਖਿਆ ਜਾਂਦਾ ਹੈ:

**ਦਰਜਾ 3** ਫਾਊਂਡੇਸ਼ਨ
**ਦਰਜਾ 4** ਜਨਰਲ
**ਦਰਜਾ 5** ਕਰੈਡਿੱਟ

ਨੌਜਵਾਨ ਵਿਅਕਤੀ ਦੀ ਉਸ ਦੇ ਸਟੈਂਡਰਡ ਗਰੇਡਾਂ ਵਿੱਚ ਹੋਈ ਪ੍ਰਾਪਤੀ ਆਮ ਤੌਰ ਤੇ ਭਵਿੱਖ ਵਿੱਚ ਉਸ ਦੀ ਪੜਾਈ ਕਰਨ ਲਈ ਚੋਣ ਕਰਨ ਵਾਸਤੇ ਵਰਤੀ ਜਾਵੇਗੀ। ਆਮ ਤੌਰ ਤੇ, ਪਰੀਖਿਆਰਥੀ ਸਟੈਂਡਰਡ ਗਰੇਡਾਂ ਤੋਂ ਨਾਸ਼ਨਲ ਕੋਰਸਾਂ ਤੱਕ ਤਰੱਕੀ ਕਰਕੇ ਪਹੁੰਚਦੇ ਹਨ।

## ਨਾਸ਼ਨਲ ਕੋਰਸ (ਰਾਸ਼ਟਰੀ ਕੋਰਸ)

ਨਾਸ਼ਨਲ ਕੋਰਸਾਂ ਵਿੱਚ, ਅੱਕਸੈਸ 2 ਅਤੇ 3 ਤੋਂ ਇਲਾਵਾ, ਤਿੰਨ ਯੂਨਿਟਾਂ ਨਾਲ ਬਾਹਰੀ ਮੁਲਾਂਕਣ – ਜੋ ਆਮ ਤੌਰ ਤੇ ਇਮਤਿਹਾਨ ਹੁੰਦਾ ਹੈ, ਸ਼ਾਮਲ ਹਨ।

ਨਾਸ਼ਨਲ ਕੋਰਸ ਹੇਠਾਂ ਦਿੱਤੇ ਦਰਜਿਆਂ ਤੇ ਉੱਪਲਬੱਧ ਹਨ:

**ਦਰਜਾ 2** ਅੱਕਸੈਸ 2
**ਦਰਜਾ 3** ਅੱਕਸੈਸ 3
**ਦਰਜਾ 4** ਇੰਟਰਮੀਡੀਏਟ 1
**ਦਰਜਾ 5** ਇੰਟਰਮੀਡੀਏਟ 2
**ਦਰਜਾ 6** ਹਾਇਅਰ
**ਦਰਜਾ 7** ਅੱਡਵਾਂਸਡ ਹਾਇਰ

ਇਸ ਮੁਲਾਂਕਣ ਦਾ ਮੰਤਵ ਪਰੀਖਿਆਰਥੀਆਂ ਨੂੰ ਸਾਬਤ ਕਰਨ ਦਾ ਮੌਕਾ ਦੇਣਾ ਹੈ ਕਿ ਉਨ੍ਹਾਂ ਨੇ ਕੋਰਸ ਦੇ ਤੱਤਾਂ ਵਿੱਚ ਮੁਹਾਰਤ ਪ੍ਰਾਪਤ ਕਰ ਲਈ ਹੈ ਅਤੇ ਨਵੀਆਂ ਸਥਿੱਤੀਆਂ ਵਿੱਚ ਉਨ੍ਹਾਂ ਨੂੰ ਲਾਗੂ ਕਰ ਸਕਦੇ ਹਨ। ਇਮਤਿਹਾਨ ਐਸ.ਕਿਊ.ਏ. ਵੱਲੋਂ ਨਿਯੁੱਕਤ ਪੇਸ਼ਾਵਰ ਪਰੀਖਿਅਕ ਮਾਰਕ ਅਤੇ ਚੈਕ ਕਰਦੇ ਹਨ। ਬਾਹਰੀ ਇਮਤਿਹਾਨ ਤੋਂ ਬਗੈਰ, ਕੋਰਸ ਪ੍ਰਾਪਤੀ ਲਈ ਅੱਕਸੈਸ 2 ਅਤੇ 3 ਦੇ ਪਰੀਖਿਆਰਥੀਆਂ ਨੂੰ ਸੱਭ ਤਿੰਨੇਂ ਯੂਨਿਟਾਂ ਪਾਸ ਕਰਨੀਆਂ ਲਾਜ਼ਮੀ ਹਨ।

A ਤੋਂ D ਤੁਕ ਗਰੇਡ ਪਰੀਖਿਆਰਥੀ ਦੇ ਬਾਹਰੀ ਮੁਲਾਂਕਣ ਵਿੱਚ ਨਿਪੁੰਨਤਾ ਅਨੁਸਾਰ ਦਿੱਤੇ ਜਾਂਦੇ ਹਨ, ਅਤੇ ਨਾਲੇ ਉਨ੍ਹਾਂ ਨੂੰ ਸੱਭ ਯੂਨਿਟਾਂ ਪਾਸ ਕਰਨੀਆਂ ਲਾਜ਼ਮੀ ਹਨ। ਜਿਹੜੇ ਆਸ ਅਨੁਸਾਰ ਨਤੀਜੇ ਨਾ ਪ੍ਰਾਪਤ ਕਰ ਸਕਣ ਉਨ੍ਹਾਂ ਲਈ ਸੰਪੂਰਨ ਅਪੀਲਾਂ ਦੀ ਵਿਵਸਥਾ ਮੌਜੂਦ ਹੈ।

ਬਹੁਤੇ ਨੌਜਵਾਨ ਜਿਹੜੇ ਕਾਲਜ ਜਾਂ ਯੂਨੀਵਰਸਿਟੀ ਵਿੱਚ ਦਾਖਲਾ ਲੈਣ ਲਈ ਯੋਗਤਾ ਪ੍ਰਾਪਤ ਕਰ ਲੈਂਦੇ ਹਨ, ਉਹ ਹਾਇਰ ਅਤੇ ਅੱਡਵਾਂਸਡ ਹਾਇਰ ਦੇ ਅਧਾਰ ਤੇ ਲੈਂਦੇ ਹਨ।

**ਕੰਮ ਲਈ ਮੁਹਾਰਤਾਂ (Skills for Work)**

ਸਕਿਲਜ਼ ਫੌਰ ਵਰਕ ਕੋਰਸ, ਨਾਸ਼ਨਲ ਕੋਰਸ ਹਨ ਜਿਹੜੇ ਸਕੂਲ ਵਿੱਦਿਆਰਥੀਆਂ ਨੂੰ ਕੰਮ ਦੀ ਦੁਨੀਆਂ ਨਾਲ ਜਾਣ ਪਛਾਣ ਕਰਨ ਲਈ ਉਤਸ਼ਾਹਿਤ ਕਰਦੇ ਹਨ। ਇਹ ਰੋਜ਼ਗਾਰ ਅਤੇ ਜੀਵਨ ਲਈ ਜਰੂਰੀ ਗਿਆਨ ਅਤੇ ਮੁਹਾਰਤਾਂ ਵਿਕਸਤ ਕਰਦੇ ਹਨ।

ਸਕਿਲਜ਼ ਫੌਰ ਵਰਕ ਕੋਰਸ, ਵਿਸ਼ੇਸ਼ ਪੇਸ਼ਿਆਂ ਨਾਲ ਸੰਬੰਧਿਤ ਅਮਲੀ ਤਜ਼ਰਬੇ ਮੁਹਈਆ ਕਰਦੇ ਹਨ। ਇਨ੍ਹਾਂ ਨਵਿਆਂ ਸਕਿਲਜ਼ ਫੌਰ ਵਰਕ ਕੋਰਸਾਂ ਵਿੱਚੋਂ ਕੋਈ ਵੀ ਕੋਰਸ ਕਰ ਰਹੇ ਨੌਜਵਾਨ ਲੋਕ ਕੁੱਝ ਸਮਾਂ ਆਪਣੇ ਸਥਾਨਿਕ ਕਾਲਜ ਜਾਂ ਹੋਰ ਕਿਸੇ ਸਿੱਖਿਆ ਮੁਹਈਆ ਕਰਾ ਰਹੀ ਸੰਸਥਾ ਵਿੱਚ ਗੁਜ਼ਾਰਨਗੇ। ਇਸ ਦੇ ਸਿੱਟੇ ਵੱਜੋਂ ਵੱਖਰੇ ਵਾਤਾਵਰਨ ਵਿੱਚ ਸਿੱਖਲਾਈ ਪ੍ਰਾਪਤ ਹੋਵੇਗੀ, ਨਵੇਂ ਲੋਕਾਂ ਨਾਲ ਮੁਲਾਕਾਤ ਹੋਵੇਗੀ ਅਤੇ ਨਵੇਂ ਵੰਗਾਰਾਂ ਦਾ ਸਹਮਣਾ ਕੀਤਾ ਜਾਵੇਗਾ।

ਸਕਿਲਜ਼ ਫੌਰ ਵਰਕ ਕੋਰਸ ਨੌਜਵਾਨ ਲੋਕਾਂ ਲਈ ਆਪਣਾ ਸਵੈ-ਵਿਸ਼ਵਾਸ ਪ੍ਰਫੁੱਲਤ ਕਰਨ ਲਈ ਚੰਗੇ ਮੌਕੇ ਪ੍ਰਦਾਨ ਕਰਦੇ ਹਨ। ਇਨ੍ਹਾਂ ਦਾ ਟੀਚਾ ਇੱਕ ਬਹੁਤ ਉਸਾਰੂ ਸਿੱਖਲਾਈ ਤਜ਼ਰਬਾ ਪ੍ਰਦਾਨ ਕਰਨਾ ਵੀ ਹੈ। ਬਹੁਤ ਨੌਜਵਾਨ ਲੋਕਾਂ ਲਈ, ਨੌਕਰੀਆਂ ਨਾਲ ਸਿੱਧੇ ਤੌਰ ਤੇ ਸੰਬੰਧਿਤ ਅਮਲੀ ਮੁਹਾਰਤਾਂ ਦੀ ਪ੍ਰਾਪਤੀ ਲਈ ਕੰਮ ਕਰਨ ਦੇ ਮੌਕੇ ਮਿਲਣੇ ਬਹੁਤ ਲਾਭਕਾਰੀ ਸਾਬਤ ਹੋਣਗੇ।

ਸਕਿਲਜ਼ ਫੌਰ ਵਰਕ ਕੋਰਸ ਦਾ ਮੁਲਾਂਕਣ ਟੀਚਰ ਜਾਂ ਲੈਕਚਰਾਰ ਕਰਦਾ ਹੈ, ਅਤੇ ਕੋਈ ਅੰਤਲਾ ਇਮਤਿਹਾਨ ਨਹੀਂ ਹੁੰਦਾ। ਮੁਲਾਂਕਣਾਂ ਨੂੰ ਚੈਕ ਐਸ.ਕਿਊ.ਏ. ਕਰਦੀ ਹੈ।

## ਸਮੂਹ ਲਈ ਪੁਰਸਕਾਰ (Group Awards)

ਨਾਸ਼ਨਲ ਕੁਆਲੀਫੀਕੇਸ਼ਨ ਗਰੁਪ ਅਵੌਰਡਸ ਨਾਸ਼ਨਲ ਯੂਨਿਟਾਂ ਦੀਆਂ ਬਣੀਆਂ ਹੋਈਆਂ ਵਿਵਸਾਇਕ ਯੋਗਤਾਵਾਂ ਹਨ, ਜਿਹੜੀਆਂ ਲੋਕਾਂ ਨੂੰ ਰੋਜ਼ਗਾਰ, ਪੇਸ਼ਾਵਰ ਵਿਕਾਸ ਜਾਂ ਅਗਾਂਹ ਪੜਾਈ ਲਈ ਤਰੱਕੀ ਕਰਨ ਵਾਸਤੇ ਵਿਸ਼ੇਸ਼ ਤੌਰ ਤੇ ਬਣਾਈਆਂ ਗਈਆਂ ਹਨ।

### ਨਾਸ਼ਨਲ ਪ੍ਰੋਗਰੈਸ਼ਨ ਅਵੌਰਡਸ (ਐਨ.ਪੀ.ਏਜ਼.) (National Progression Awards (NPAs))

**ਐਨ.ਪੀ.ਏਜ਼. (NPAs) ਵਿਸ਼ੇਸ਼ੱਗ ਵਿਵਸਾਇਕ ਖੇਤਰਾਂ ਵਿੱਚ ਪਰਿਭਾਸ਼ਤ ਪ੍ਰਕਾਰ ਦੀਆਂ ਸਥਾਪਿਤ ਮੁਹਾਰਤਾਂ ਅਤੇ ਗਿਆਨ ਦਾ ਮੁਲਾਂਕਣ ਕਰਨ ਲਈ ਬਣਾਈਆਂ ਗਈਆਂ ਹਨ। ਇਨ੍ਹਾਂ ਦੀ ਮੁੱਖ ਤੌਰ ਤੇ ਵਰਤੋਂ ਕਾਲਜ, ਪੜਾਈ ਦੇ ਛੋਟੇ ਪ੍ਰੋਗਰਾਮਾਂ ਲਈ ਕਰਦੇ ਹਨ।**

ਨਾਸ਼ਨਲ ਪ੍ਰੋਗਰੈਸ਼ਨ ਅਵੌਰਡਸ ਦਾ ਸੁਮੇਲ ਨਾਸ਼ਨਲ ਔਕ੍ਯੁਪੇਸ਼ਨਲ ਸਟਾਂਡਰਡਸ (ਰਾਸ਼ਟਰੀ ਵਿਵਸਾਇਕ ਮਿਆਰ) ਨਾਲ ਕੀਤਾ ਹੋਇਆ ਹੈ ਅਤੇ ਐਸ.ਸੀ.ਕਿਊ.ਐਫ. ਦਰਜੇ 2–6 ਤੇ ਸਥਾਪਿਤ ਹਨ।

### ਨਾਸ਼ਨਲ ਸਰਟੀਫਿਕੇਟਸ (ਐਨ.ਸੀਸ.) (National Certificates (NCs))

**ਨਾਸ਼ਨਲ ਸਰਟੀਫਿਕੇਟ ਮੁੱਖ ਤੌਰ ਤੇ 16-18 ਦੀ ਉੱਮਰ ਵਾਲਿਆਂ ਅਤੇ ਫੁੱਲ-ਟਾਇਮ ਪੜਾਈ ਕਰ ਰਹੇ ਬਾਲਗਾਂ ਲਈ ਹਨ, ਆਮ ਤੌਰ ਤੇ ਕਾਲਜ ਵਿੱਚ।**

ਇਹ ਪਰੀਖਿਆਰਥਿਆਂ ਨੂੰ, ਕਈ ਪ੍ਰਕਾਰ ਦਾ ਗਿਆਨ ਅਤੇ ਮੁਹਾਰਤਾਂ ਵਿਕਸਤ ਕਰਕੇ, ਰੋਜ਼ਗਾਰ ਜਾਂ ਅਗੱਲੇਰੀ ਪੜਾਈ ਕਰਨ ਲਈ ਤਿਆਰ ਕਰਦੇ ਹਨ। ਨਾਸ਼ਨਲ ਸਰਟੀਫਿਕੇਟਾਂ ਦੇ ਵਿਸ਼ੇਸ਼ ਟੀਚੇ ਹਨ, ਜਿਨ੍ਹਾਂ ਦਾ ਸੰਬੰਧ ਵਿਵਸਾਇਕ ਖੇਤਰਾਂ ਨਾਲ ਹੈ ਅਤੇ ਇਨ੍ਹਾਂ ਦਾ ਸੁਮੇਲ ਨਾਸ਼ਨਲ ਔਕ੍ਯੁਪੇਸ਼ਨਲ ਸਟਾਂਡਰਡਸ ਨਾਲ ਹੈ। ਇਹ ਐਸ.ਸੀ.ਕਿਊ.ਐਫ. ਦਰਜੇ 2–6 ਤੇ ਸਥਾਪਿਤ ਹਨ।

### ਹਾਇਅਰ ਨਾਸ਼ਨਲ ਸਰਟੀਫਿਕੇਟ ਅਤੇ ਹਾਇਅਰ ਨਾਸ਼ਨਲ ਡਿੱਪਲੋਮੇ (Higher National Certificates and Higher National Diplomas (HNCs and HNDs))

**1920 ਦਿਹਾਕੇ ਦੇ ਅੱਧ ਵਿੱਚ ਜਾਰੀ ਕੀਤੇ ਗਏ ਏਚ.ਐਨ.ਸੀਸ. (HNCs) ਅਤੇ ਏਚ.ਐਨ.ਡੀਸ. (HNDs) ਦੀ 80 ਸਾਲਾਂ ਤੋਂ ਵੱਧ ਯੋਗਤਾਵਾਂ ਵੱਜੋਂ ਬਹੁਤ ਇੱਜ਼ਤ ਕੀਤੀ ਜਾ ਰਹੀ ਹੈ। ਇਹ ਮੱਧ ਪ੍ਰਬੰਧਕੀ ਢਾਂਚੇ ਵਿੱਚ ਅਤੇ ਟੈਕਨਿਸ਼ਨ ਪੱਧਰ ਤੇ ਰੋਜ਼ਗਾਰ ਪ੍ਰਾਪਤ ਕਰਨ ਲਈ ਸਿੱਖਲਾਈ ਵਾਸਤੇ ਲੋੜੀਂਦੀਆਂ ਮੁਹਾਰਤਾਂ ਅਤੇ ਗਿਆਨ ਪ੍ਰਦਾਨ ਕਰਦੇ ਹਨ।**

ਇਨ੍ਹਾਂ ਵਿੱਚ ਹਾਇਅਰ ਨਾਸ਼ਨਲ ਯੂਨਿਟਸ ਸ਼ਾਮਲ ਹਨ ਅਤੇ ਇਹ ਬਹੁਤ ਪੇਸ਼ੇ ਕਵਰ ਕਰਦੇ ਹਨ। ਕਈ ਏਚ.ਐਨ.ਡੀਸ. ਨਾਲ ਡਿੱਗਰੀਆਂ ਦੇ ਦੂਜੇ ਜਾਂ ਤੀਸਰੇ ਸਾਲ ਵਿੱਚ ਦਾਖਲਾ ਲਿਆ ਜਾ ਸਕਦਾ ਹੈ। ਏਚ.ਐਨ.ਸੀਸ. ਐਸ.ਸੀ.ਕਿਊ.ਐਫ. ਦਰਜੇ 7 ਤੇ ਸਥਾਪਿਤ ਹਨ; ਏਚ.ਐਨ.ਡੀਸ. ਐਸ.ਸੀ.ਕਿਊ.ਐਫ. ਦਰਜੇ 8 ਤੇ ਸਥਾਪਿਤ ਹਨ।

### ਸਕੌਟਿਸ਼ ਵੋਕੇਸ਼ਨਲ ਕੁਆਲੀਫੀਕੇਸ਼ਨਜ਼ (ਐਸ.ਵੀ.ਕਿਊਸ) (Scottish Vocational Qualifications (SVQs))

**ਐਸ.ਵੀ.ਕਿਊਸ. (SVQs) ਕੰਮ ਦੀ ਨਿਪੁੰਨਤਾ ਉੱਪਰ ਅਧਾਰਿਤ ਹਨ, ਅਤੇ ਜੋ ਲੋਕਾਂ ਨੂੰ ਰੋਜ਼ਗਾਰ ਵਿੱਚ ਮੁਹਾਰਤਾਂ ਅਤੇ ਗਿਆਨ ਚਾਹੀਦਾ ਹੈ ਉਸ ਦੀ ਪਛਾਣ ਕਰਦੀਆਂ ਹਨ। ਐਸ.ਵੀ.ਕਿਊਸ. ਬਹੁਤਾਤ ਪੇਸਿਆਂ ਵਿੱਚ ਪ੍ਰਾਪਤ ਕੀਤੀਆਂ ਜਾ ਸਕਦੀਆਂ ਹਨ ਅਤੇ ਹਰ ਪ੍ਰਕਾਰ ਅਤੇ ਦਰਜੇ ਦੀ ਨੌਕਰੀ ਲਈ ਉਪਲਬੱਧ ਹਨ, ਜਿਨ੍ਹਾਂ ਵਿੱਚ ਓਪਰੇਟਰ, ਕਰਾਫਟ ਵਰਕਰ, ਟੈਕਨਿਸ਼ਨ ਅਤੇ ਮੈਨੇਜਰ ਵੀ ਸ਼ਾਮਲ ਹਨ।**

ਇਹ ਕੋਰਸ ਮੁੱਖ ਤੌਰ ਤੇ ਫੁੱਲ-ਟਾਇਮ ਕੰਮ ਕਰ ਰਹੇ ਪਰੀਖਿਆਰਥੀਆਂ ਨੂੰ ਅਤੇ ਕੰਮ ਵਾਲੀ ਥਾਂ ਤੇ ਹੀ ਕਰਾਏ ਜਾਂਦੇ ਹਨ ਅਤੇ ਐਸ.ਸੀ.ਕਿਊ.ਐਫ. ਦਰਜੇ 4-12 ਤੱਕ ਉਪਲਬੱਧ ਹਨ।

## ਪੇਸ਼ਾਵਰ ਵਿਕਾਸ ਪੁਰਸਕਾਰ (ਪੀ.ਡੀ.ਏਜ਼.) (Professional Development Awards (PDAs))

**ਪੀ.ਡੀ.ਏਜ਼. (PDAs) ਆਮ ਤੌਰ ਤੇ ਉਨ੍ਹਾਂ ਲੋਕਾਂ ਲਈ ਯੋਗਤਾਵਾਂ ਹਨ ਜਿਹੜੇ ਪਹਿਲਾਂ ਹੀ ਕਿਸੇ ਪੇਸ਼ੇ ਵਿੱਚ ਹੋਣ ਜਾਂ ਕੰਮ ਕਰ ਰਹੇ ਹੋਣ, ਅਤੇ ਜਿਹੜੇ ਆਪਣੀਆਂ ਮੁਹਾਰਤਾਂ ਨੂੰ ਵਧੇਰੇ ਪ੍ਰਫੁੱਲਤ ਅਤੇ ਵਿਸਤਰਤ ਕਰਨਾ ਚਾਹੁੰਦੇ ਹਨ। ਕੁੱਝ ਹਾਲਾਤ ਵਿੱਚ ਇਹ ਉਨ੍ਹਾਂ ਲੋਕਾਂ ਲਈ ਵੀ ਬਣਾਏ ਜਾਂਦੇ ਹਨ ਜਿਹੜੇ ਨੌਕਰੀ ਅਰੰਭ ਕਰਨਾ ਚਾਹੁੰਦੇ ਹਨ।**

ਪੀ.ਡੀ.ਏਜ਼. ਕੰਮ ਵਾਲੇ ਥਾਂ ਤੇ ਜਾਂ ਕਾਲਜ ਵਿੱਚ ਪ੍ਰਾਪਤ ਕੀਤੇ ਜਾਂਦੇ ਹਨ। ਪੀ.ਡੀ.ਏਜ਼., ਐਸ.ਸੀ.ਕਿਊ.ਐਫ. ਦਰਜੇ 6-12 ਤੱਕ ਉਪਲਬੱਧ ਹਨ।

## ਅਨੁਕੂਲਣ ਪੁਰਸਕਾਰ (Customised Awards)

**ਭਾਵੇਂ ਐਸ.ਵੀ.ਕਿਊਜ਼, ਪੀ.ਡੀ.ਏਜ਼, ਅਤੇ ਸਾਡੀਆਂ ਹੋਰ ਯੋਗਤਾਵਾਂ ਬਹੁਤੀਆਂ ਸੰਸਥਾਵਾਂ ਦੀਆਂ ਲੋੜਾਂ ਪੂਰੀਆਂ ਕਰ ਦਿੰਦੀਆਂ ਹਨ, ਅਸੀਂ ਹਰ ਪੱਧਰ ਤੇ ਸੰਸਥਾ ਦੀਆਂ ਮੁਹਾਰਤਾਂ ਅਤੇ ਵਿਸ਼ੇਸ਼ੱਗਤਾ ਵਾਲੀਆਂ ਲੋੜਾਂ ਪੂਰੀਆਂ ਕਰਨ ਲਈ ਵਿਸ਼ੇਸ਼ ਤੌਰ ਤੇ ਤਿਆਰ ਕੀਤੀਆਂ ਹੋਈਆਂ ਵਿਵਸਾਇਕ ਯੋਗਤਾਵਾਂ ਵੀ ਪੇਸ਼ ਕਰਦੇ ਹਾਂ।**

## ਕਦਰ ਕੀਮਤ ਵਧਾਉਣ ਵਾਲੀਆਂ ਯੋਗਤਾਵਾਂ

### ਬੁਨਿਆਦੀ ਮੁਹਾਰਤਾਂ

ਬੁਨਿਆਦੀ ਮੁਹਾਰਤਾਂ ਸਾਡੀਆਂ ਕਈ ਯੋਗਤਾਵਾਂ ਦਾ ਲਾਜ਼ਮੀ ਭਾਗ ਹਨ। ਹਰ ਵਿਅਕਤੀ ਨੂੰ ਪੰਜ ਮੂਹਾਰਤਾਂ ਦੀ ਲਾਜ਼ਮੀ ਲੋੜ ਹੈ, ਭਾਵੇ ਉਹ ਜੀਵਨ ਵਿੱਚ ਕਿਸੇ ਵੀ ਪੜਾ ਤੇ ਹੋਣ, ਅਤੇ ਜਿਨ੍ਹਾਂ ਨੂੰ ਮਾਲਕ ਸੰਭਾਵੀ ਮੁਲਾਜ਼ਮਾਂ ਵਿੱਚੋਂ ਲੱਭਦੇ ਹਨ, ਉਹ ਇਹ ਹਨ:

- ਸੰਚਾਰ
- ਗਿਣਤ ਗਿਆਨ
- ਸਮੱਸਿਆਵਾਂ ਸੁਲਝਾਉਣੀਆਂ
- ਇੰਨਫੌਰਮੇਸ਼ਨ ਟੈਕਨੌਲੋਜੀ
- ਦੂਜਿਆਂ ਨਾਲ ਕੰਮ ਕਰਨਾ

ਜਿਹੜੇ ਵਿਅਕਤੀ ਐਸ.ਕਿਊ.ਏ. ਯੋਗਤਾ ਪ੍ਰਾਪਤ ਕਰ ਲੈਂਦੇ ਹਨ ਉਨ੍ਹਾਂ ਸੱਭ ਨੂੰ ਆਪਣੇ ਆਪ ਹੀ ਬੁਨਿਆਦੀ ਮੁਹਾਰਤਾਂ ਦੀ ਰੇਖਾ ਚਿੱਤਰ ਮੁਹਈਆ ਕੀਤੀ ਜਾਂਦੀ ਹੈ ਜਿਸ ਵਿੱਚ ਉਨ੍ਹਾਂ ਵੱਲੋਂ ਪ੍ਰਾਪਤ ਬੁਨਿਆਦੀ ਮੁਹਾਰਤਾਂ ਨੂੰ ਸੂਚੀਬੱਧ ਕੀਤਾ ਹੋਇਆ ਹੁੰਦਾ ਹੈ। ਇਹ ਉਨ੍ਹਾਂ ਦੇ ਸਕੌਟਿਸ਼ ਕੁਆਲੀਫੀਕੇਸ਼ਨਜ਼ ਸਰਟੀਫਿਕੇਟ ਦੇ ਰੇਖਾ ਚਿੱਤਰ ਪੰਨੇ ਉੱਪਰ ਵਖਾਈਆਂ ਜਾਂਦੀਆਂ ਹਨ।

ਬੁਨਿਆਦੀ ਮੁਹਾਰਤਾਂ ਕਈ ਢੰਗਾਂ ਦੁਆਰਾ ਹਾਸਲ ਕੀਤੀਆਂ ਜਾ ਸਕਦੀਆਂ ਹਨ:

### ਨਾਸ਼ਨਲ ਕੋਰਸਾਂ ਵਿੱਚ ਬੁਨਿਆਦੀ ਮੁਹਾਰਤਾਂ

ਕਈ ਬੁਨਿਆਦੀ ਮੁਹਾਰਤਾਂ ਨਾਸ਼ਨਲ ਯੂਨਿਟਾਂ ਵਿੱਚ ਹੀ ਸ਼ਾਮਲ ਕੀਤੀਆਂ ਹੋਈਆਂ ਹਨ ਜਿਸ ਦੇ ਮਤਲਬ ਹੈ, ਕਿ ਬਹੁਤੇ ਹਿੱਸੇ ਲਈ, ਬੁਨਿਆਦੀ ਮੁਹਾਰਤਾਂ ਨੂੰ ਅਲੱਗ ਤੌਰ ਤੇ ਪੜ੍ਹਾਉਣ ਦੀ ਕੋਈ ਲੋੜ ਨਹੀਂ। ਇਹ ਯੂਨਿਟਾਂ , ਕੋਰਸ ਅਤੇ ਸਮੂਹ ਪੁਰਸਕਾਰ ਪ੍ਰਾਪਤ ਕਰਨ ਦੌਰਾਨ ਹਾਸਲ ਕੀਤੀਆਂ ਜਾਂਦੀਆਂ ਹਨ।

ਸਮਰਪਤ ਬੁਨਿਆਦੀ ਮੁਹਾਰਤਾਂ ਦੀਆਂ ਯੂਨਿਟਾਂ ਕਿਸੇ ਵੀ ਬੁਨਿਆਦੀ ਮੁਹਾਰਤਾਂ ਦੀ ਪ੍ਰਾਪਤੀ ਵਿੱਚ ਆਈ ਕਮੀ ਪੂਰੀ ਕਰਨ ਲਈ ਪੜੀਆਂ ਜਾ ਸਕਦੀਆਂ ਹਨ। ਇਹ ਐਸ.ਸੀ.ਕਿਊ.ਐਫ. ਦਰਜੇ 2 -6 ਤੱਕ ਉਪਲਬੱਧ ਹਨ।

### ਐਸ.ਵੀ.ਕਿਊਜ਼. ਵਿੱਚ ਬੁਨਿਆਦੀ ਮੁਹਾਰਤਾਂ

ਬੁਨਿਆਦੀ ਮੁਹਾਰਤਾਂ ਬਹੁਤੇ ਐਸ.ਵੀ.ਕਿਊਜ਼ ਦੇ ਵਿੱਚ ਵੀ ਸ਼ਾਮਲ ਕੀਤੀਆਂ ਗਈਆਂ ਹਨ। ਇਹ ਵਿਸ਼ੇਸ਼ ਤੌਰ ਤੇ ਉਥੇ ਜਰੂਰੀ ਹਨ ਜਿੱਥੇ ਅਧੁਨਿਕ ਅਪਰੈਂਟਿਸਸ਼ਿੱਪ ਵਰਗੀ ਸਰਕਾਰ ਵੱਲੋਂ ਸਰਪਰਸਤ ਕੀਤੀ ਮੁਹਾਰਤਾਂ ਦੀ ਸਕੀਮ ਦਾ ਇਹ ਭਾਗ ਹੋਣ।

ਜਿਨ੍ਹਾਂ ਸਮੂਹ ਪੁਰਸਕਾਰਾਂ ਅਤੇ ਸਿੱਖਲਾਈ ਸਕੀਮਾਂ ਨੂੰ ਲੋੜ ਹੈ ਉਨ੍ਹਾਂ ਲਈ ਸਮਰਪੱਤ ਕੰਮ ਦੇ ਥਾਂ ਤੇ -ਮੁਲਾਂਕਣ ਕੀਤੀਆਂ ਬੁਨਿਆਦੀ ਮੁਹਾਰਤਾਂ ਦੀਆਂ ਯੂਨਿਟਾਂ ਵੀ ਮੌਜੂਦ ਹਨ।

### ਐਨ.ਸੀਜ਼, ਏਚ.ਐਨ.ਸੀਜ਼. ਅਤੇ ਏਚ.ਐਨ.ਡੀਜ਼. ਵਿੱਚ ਬੁਨਿਆਦੀ ਮੁਹਾਰਤਾਂ

ਨਾਸ਼ਨਲ ਸਰਟੀਫਿਕੇਟਾਂ, ਏਚ.ਐਨ.ਸੀਜ਼. ਅਤੇ ਏਚ.ਐਨ.ਡੀਜ਼ ਵਿੱਚ, ਆਮ ਤੌਰ ਤੇ ਪੰਜੇ ਬੁਨਿਆਦੀ ਮੁਹਾਰਤਾਂ ਦਾ ਵਿਕਾਸ ਕੀਤਾ ਜਾਵੇਗਾ। ਇਹ ਨਾਸ਼ਨਲ ਯੀਨਟਾਂ ਦੀ ਤਰ੍ਹਾਂ ਯੂਨਿਟਾਂ ਵਿੱਚ ਹੀ ਸ਼ਾਮਲ ਕੀਤੀਆਂ ਜਾ ਸਕਦੀਆਂ ਹਨ ਜਾਂ ਇਹ ਵਿਸ਼ੇਸ਼ ਤੌਰ ਤੇ ਬਣਾਈਆਂ ਸਮਰਪੱਤ ਬੁਨਿਆਦੀ ਮੁਹਾਰਤਾਂ ਦੀਆਂ ਯੂਨਿਟਾਂ ਦੀ ਪੜਾਈ ਕਰਕੇ ਪ੍ਰਾਪਤ ਕੀਤੀਆਂ ਜਾ ਸਕਦੀਆਂ ਹਨ। ਇਸ ਤੋਂ ਇਲਾਵਾ, ਇਹ 'ਸਾਇਨਪੋਸਟੱਡ', ਕੀਤੀਆਂ ਜਾ ਸਕਦੀਆਂ ਹਨ, ਜਿਸ ਦਾ ਮਤਲਬ ਹੈ ਕਿ ਏਚ.ਐਨ.ਸੀ. ਅਤੇ ਏਚ.ਐਨ.ਡੀ ਵਿੱਚ ਬੁਨਿਆਦੀ ਮੁਹਾਰਤਾਂ ਵਿਕਸਤ ਕਰਨ ਦੇ ਮੌਕੇ ਹਨ ਪਰ ਰਿਵਾਇਤੀ ਪਰੀਖਿਆ ਤੋਂ ਬਗੈਰ।

ਯੂਨਿਟ ਵਿੱਚ ਪਹਿਲਾਂ ਹੀ ਸ਼ਾਮਲ ਬੁਨਿਆਦੀ ਮੁਹਾਰਤਾਂ ਜਾਂ ਜੋ ਸਮਰਪੱਤ ਬੁਨਿਆਦੀ ਮੁਹਾਰਤਾਂ ਦੀਆਂ ਯੂਨਿਟਾਂ ਦੁਆਰਾ ਪ੍ਰਾਪਤ ਕੀਤੀਆਂ ਗਈਆਂ ਹੋਣ ਪਰੀਖਿਆਰਥੀ ਦੇ ਸਕੌਟਿਸ਼ ਕੁਆਲੀਫੀਕੇਸ਼ਨਜ਼ ਸਰਟੀਫਿਕੇਟ ਉੱਪਰ ਵਖਾਈਆਂ ਜਾਣਗੀਆਂ। ਸਾਈਨਪੋਸਟਡ ਬੁਨਿਆਦੀ ਮੁਹਾਰਤਾਂ ਸਰਟੀਫਿਕੇਟ ਉੱਪਰ ਸ਼ਾਮਲ ਹੋਣ ਤੋਂ ਬਗੈਰ ਹੀ ਪ੍ਰਾਪਤ ਕੀਤੀਆਂ ਜਾਣਗੀਆਂ।

## ਸਰਟੀਫਿਕੇਟ

ਅਸੀਂ ਦੋ ਪ੍ਰਕਾਰ ਦੇ ਸਰਟੀਫਿਕੇਟ ਜਾਰੀ ਕਰਦੇ ਹਾਂ:

- **ਸਕੌਟਿਸ਼ ਕੁਆਲੀਫੀਕੇਸ਼ਨਜ਼ ਸਰਟੀਫਿਕੇਟ (ਐਸ.ਕਿਊ.ਸੀ.) (Scottish Qualifications Certificate (SQC))**
  ਇਹ ਸਰਟੀਫਿਕੇਟ ਸੱਭ ਪਰੀਖਿਆਰਥੀ ਪ੍ਰਾਪਤ ਕਰਦੇ ਹਨ ਅਤੇ ਅਸੀਂ ਹਰ ਸਾਲ 360,000 ਤੋਂ ਵੱਧ ਜਾਰੀ ਕਰਦੇ ਹਾਂ। ਐਸ.ਕਿਊ.ਸੀ. (SQC) ਪਾਸ ਕੀਤੀਆਂ ਯੂਨਿਟਾਂ, ਕੋਰਸ, ਅਤੇ ਗਰੁਪ ਅਵੌਰਡ ਦੀ ਸੂਚੀ ਬਣਾ ਦਿੰਦੀ ਹੈ, ਅਤੇ ਵਿਅਕਤੀ ਦੇ ਹਰ ਵਾਰੀ ਨਵੀਂ ਯੋਗਤਾ ਪ੍ਰਾਪਤ ਕਰਨ ਉਪਰੰਤ ਅਧੁਨਿਕ ਬਣਾਈ ਜਾਂਦੀ ਹੈ। ਬੇਨਤੀ ਕਰਨ ਤੇ ਸੰਪੂਰਨ ਪ੍ਰਾਪਤੀ ਦਾ ਰਿਕਾਰਡ ਪ੍ਰਦਾਨ ਕੀਤਾ ਜਾ ਸਕਦਾ ਹੈ। ਐਸ.ਕਿਊ.ਸੀ. ਕੋਲ ਰੇਖਾ ਚਿੱਤਰ ਦਾ ਪੰਨਾ ਵੀ ਮੌਜੂਦ ਹੈ ਜਿਸ ਵਿੱਚ ਬੁਨਿਆਦੀ ਮੁਹਾਰਤਾਂ ਅਤੇ ਐਸ.ਸੀ.ਕਿਊ.ਐਫ. ਰੇਖਾ ਚਿੱਤਰ ਦਾ ਵੇਰਵਾ ਸ਼ਾਮਲ ਹੈ।
- **ਯਾਦਗਾਰੀ ਸਰਟੀਫਿਕੇਟ (Commemorative Certificates)**
  ਇਹ ਸਰਟੀਫਿਕੇਟ ਗਰੁਪ ਅਵੌਰਡ ਪ੍ਰਾਪਤ ਕਰਨ ਵਾਲਿਆਂ ਪਰੀਖਿਆਰਥੀਆਂ ਨੂੰ ਭੇਜੇ ਜਾਂਦੇ ਹਨ।

ਨਵੀਂ ਸੁਰੱਖਿਅਤ ਨਤੀਜਿਆਂ ਦੀ ਵੈਬ ਸੇਵਾ ਪਰੀਖਿਆਰਥੀਆਂ ਨੂੰ ਐਸ.ਕਿਊ.ਏ. ਦੇ ਵੈਬਸਾਈਟ ਤੋਂ ਜਲਦੀ ਨਤੀਜੇ ਹਾਸਲ ਕਰਨ ਦੀ ਸਹੂਲਤ ਮੁਹੱਈਆ ਕਰਦੀ ਹੈ ਜਿਸ ਕਰਕੇ ਹੁਣ ਉਨ੍ਹਾਂ ਨੂੰ ਧੜਕਦੇ ਦਿਲ ਨਾਲ ਡਾਕ ਰਾਹੀਂ ਨਤੀਜੇ ਆਉਣ ਦੀ ਜਿਆਦਾ ਸਮਾਂ ਉਡੀਕ ਨਹੀਂ ਕਰਨੀ ਪੈਂਦੀ।

## ਹੋਰ ਸੇਵਾਵਾਂ ਅਤੇ ਸਾਹਾਰਾ

**ਐਸ.ਕਿਊ.ਏ. ਕਈ ਪ੍ਰਕਾਰ ਦੀਆਂ ਸੇਵਾਵਾਂ ਅਤੇ ਸਾਹਾਰਾ ਪ੍ਰਦਾਨ ਕਰਦੀ ਹੈ, ਜਿਹੜੀਆਂ ਯੋਗਤਾਵਾਂ ਦੀ ਸੰਪੂਰਨ ਵਿਵਸਥਾ ਦੇ ਵਿਕਾਸ ਅਤੇ ਕਾਇਮ ਰੱਖਣ ਦੀ ਸਾਡੀ ਮੁਹਾਰਤਾ ਵਿੱਚੋਂ ਉੱਤਪੰਨ ਹੁੰਦੀਆਂ ਹਨ।**

### ਮਿਆਰ ਦੀ ਤਸਦੀਕ

ਅਧਿਆਪਕਾਂ ਅਤੇ ਲੈਕਚਰਾਰਾਂ ਦੇ ਪਰੀਖਿਆ ਸੰਬੰਧੀ ਕੀਤੇ ਫੈਸਲਿਆਂ ਦੀ ਪੁਸ਼ਟੀ ਕਰਕੇ ਅਸੀਂ ਆਪਣੀਆਂ ਯੋਗਤਾਵਾਂ ਦੇ ਮਿਆਰ ਦੀ ਤਸਦੀਕ ਕਰਦੇ ਹਾਂ ਤਾਂ ਕਿ ਯਕੀਨੀ ਬਣਾਇਆ ਜਾ ਸਕੇ ਕਿ ਰਾਸ਼ਟਰੀ ਮਿਆਰ ਕਾਇਮ ਰੱਖੇ ਗੇ ਹਨ।

ਬਾਹਰੀ ਪੁਸ਼ਟੀਕਾਰਾਂ ਦੀ ਟੀਮ ਸਕੂਲਾਂ, ਕਾਲਜਾਂ ਅਤੇ ਹੋਰ ਕੇਂਦਰਾਂ ਵਿੱਚ ਕੀਤੇ ਪਰੀਖਿਆ ਸੰਬੰਧੀ ਫੈਸਲਿਆਂ ਦੇ ਨਮੂਨਿਆਂ ਦੀ ਨੇਮਬੱਧ ਛਾਣਬੀਨ ਕਰਦੀ ਹੈ। ਜਿਸ ਪਰਕਾਰ ਦਾ ਮੁਲਾਂਕਣ ਕੀਤਾ ਜਾ ਰਿਹਾ ਹੋਵੇ ਉਸ ਉੱਪਰ ਅਧਾਰਿਤ, ਉਹ ਇਹ ਡਾਕ ਰਾਹੀਂ ਜਾਂ ਸਕੂਲ ਜਾਂ ਕਾਲਜ ਵਿੱਚ ਜਾ ਕੇ ਕਰ ਸਕਦੇ ਹਨ।

### ਜਾਰੀ ਪੇਸ਼ਾਵਰ ਵਿਕਾਸ

ਐਸ.ਕਿਊ.ਏ. ਉੱਚੇ ਮਿਆਰ ਦੀ ਸੀ.ਪੀ.ਡੀ. ਮੁਹਈਆ ਕਰਨ, ਸਾਡੀਆਂ ਯੋਗਤਾਵਾਂ, ਪਰੀਖਣਾਂ, ਅਤੇ ਪਰਕਿਰਿਆਵਾਂ ਨੂੰ ਸਮਝਣ ਵਿੱਚ ਸੁਧਾਰ ਵਾਸਤੇ ਮਦਦ ਕਰਨ, ਅਤੇ ਪੇਸ਼ਾਵਰਾਂ ਅਤੇ ਸਿੱਖਿਆਰਥੀਆਂ ਦੋਹਾਂ ਦੇ ਤਜ਼ਰਬਿਆਂ ਨੂੰ ਚੰਗੇਰੇ ਬਣਾਉਣ ਲਈ ਵਚਨਬੱਧ ਹੈ। ਐਸ.ਕਿਊ.ਏ. ਦੇ ਸੀ.ਪੀ.ਡੀ. ਵਿੱਚ ਇਹ ਸ਼ਾਮਲ ਹਨ: ਵਿਸਤਰਤ ਪ੍ਰਕਾਰ ਦੇ ਐਨ.ਕਿਊ. ਅਤੇ ਮਿਆਰ ਤਸਦੀਕੀ ਵਿਸ਼ਿਆਂ ਬਾਰੇ ਸਾਲਾਨਾ ਪੇਸ਼ਾਵਰ ਵਿਕਾਸ ਪ੍ਰੋਗ੍ਰਾਮ; ਜ਼ਬਾਨੀ ਤੌਰ ਤੇ ਇੰਨ-ਸਰਵਿਸ ਸਿੱਖਲਾਈ; ਵਿੱਦਿਅਕ ਪੇਸ਼ਾਵਰਾਂ ਲਈ ਸਾਡੀ ਅੰਡਰਸਟਾਂਡਿੰਗ ਸਟਾਂਡਰਡਸ ਵੈਬਸਾਈਠ; ਅਤੇ ਐਸ.ਕਿਊ.ਏ. ਅਕਾਡਾਮੀ, ਪੇਸ਼ਾਵਰ ਅਭਿਆਸ ਬਿਹਤਰ ਬਣਾਉਣ ਲਈ ਜਿਹੜੀਆਂ ਕਈ ਪ੍ਰਕਾਰ ਦੀ ਸਿੱਖਲਾਈ ਸਮੱਗਰੀ ਮੁਹਈਆਂ ਕਰਦੀ ਹੈ।

### ਵੈਬਸਾਈਟ  ਅਤੇ ਹੋਰ ਈ-ਕਾਰੋਬਾਰ

ਔਨਲਾਈਨ www.sqa.org.uk. ਵਿੱਖੇ ਬਹੁਤ ਪ੍ਰਕਾਰ ਦੀ ਸਹਾਇਕ ਸਮੱਗਰੀ ਮੌਜੂਦ ਹੈ। ਵੈਬਸਾਈਟ ਦੇ ਸੁਰੱਖਿਅਤ ਖੇਤਰਾਂ ਵਿੱਚ ਅਧਿਆਪਕਾਂ ਨੂੰ ਮੁਲਾਂਕਣ ਸਮੱਗਰੀ ਤੱਕ ਪਹੁੰਚ ਕਰਨ ਦੀ ਸਹੂਲਤ ਪ੍ਰਦਾਨ ਕੀਤੀ ਜਾਂਦੀ ਹੈ, ਜਿਸ ਵਿੱਚ ਨਾਸ਼ਨਲ ਕੁਆਲੀਫੀਕੇਸ਼ਨਜ਼ ਲਈ ਕਿਸ ਤਰਾਂ ਮਾਰਕ ਕਰਨਾ ਹੈ ਬਾਰੇ ਇੰਟਰਅੱਕਟਿੱਵ ਰਾਹਨੁਮਾਈ ਸ਼ਾਮਲ ਹੈ, ਅਤੇ ਰਾਸ਼ਟਰੀ ਮੁਲਾਂਕਣਾਂ ਦੀ ਬਹੁਤ ਵੱਡੀ ਬਹੁਤਾਤ ਵਿੱਚ ਸਮੱਗਰੀ ਮੌਜੂਦ ਹੈ ਜੋ ਯੂਨਿਟਾਂ ਦੇ ਮੁਲਾਂਕਣ ਲਈ ਵਰਤੀ ਜਾ ਸਕਦੀ ਹੈ।

ਜਿਹੜੇ ਸਕੂਲ, ਕਾਲਜ ਅਤੇ ਹੋਰ ਸੰਸਥਾਵਾਂ ਸਾਡੀਆਂ ਯੋਗਤਾਵਾਂ ਵਰਤਦੇ ਹਨ, ਉਨ੍ਹਾਂ ਲਈ ਸਾਡੇ ਨਾਲ ਈਲੈਕਟਰੌਨੀਕਾਲੀ ਪਰਸਪਰ ਤਾਲਮੇਲ ਕਰਨ ਵਾਸਤੇ ਅਸੀ ਕੁੱਝ ਗਿਣਤੀ ਦੇ ਤਰੀਕੇ ਵੀ ਮੁਹਈਆ ਕਰਦੇ ਹਾਂ। ਕੰਪਿਊਟਰ-ਅਧਾਰਿਤ ਵਿਵਸਥਾਵਾਂ ਵਰਤਕੇ, ਸਾਡੇ ਗਾਹਕ ਹੁਣ ਆਪਣੀ ਬਹੁਤੀ ਪ੍ਰਬੰਧਕੀ ਕਾਰਵਾਈ ਔਨਲਾਈਨ ਕਰ ਸਕਦੇ ਹਨ, ਜਿਸ ਨਾਲ ਸੰਬੰਧਿਤ ਸਮਾਂ ਅਤੇ ਦੌੜ ਭੱਜ ਘੱਟ ਜਾਂਦੀ ਹੈ।

### ਹੋਰ ਸੇਵਾਵਾਂ

- ਅਸੀਂ ਕੁੱਝ ਗਿਣਤੀ ਦੀਆਂ ਸਕੌਟਿਸ਼, ਯੂ.ਕੇ. ਅਤੇ ਵਿਦੇਸ਼ੀ ਸੰਸਥਾਵਾਂ ਲਈ ਇਮਤਿਹਾਨਾਂ ਦਾ ਇੰਤਜ਼ਾਮ ਕਰਦੇ ਹਾਂ, ਜਿਸ ਵਿੱਚ ਸਕੌਟਿਸ਼ ਪੁਲੀਸ ਸਰਵਿਸ, ਡੀਪਾਰਟਮਾਂਟ ਫੋਰ ਟ੍ਰਾਂਸਪੋਰਟ (ਡੇਂਜਰਸ ਗੁਡਸ ਸੇਫਟੀ ਅੱਡਵਾਇਜ਼ਰ ਅਤੇ ਡਰਾਈਵਰ ਟਰੇਨਿੰਗ), ਅਤੇ ਮਾਰੀਟਾਇਮ ਐਂਡ ਕੋਸਟਗਾਰਡ ਏਜੰਸੀ ਸ਼ਾਮਲ ਹਨ।
- ਅਸੀਂ ਆਪਣੇ ਕੋਲ ਨਾਸ਼ਨਲ ਰਜਿਸਟਰ ਔਫ ਸਟਰੀਟਵਰਕਸ (National Register of Streetworks) ਵੀ ਰੱਖਦੇ ਹਾਂ।
- ਸਾਡੀ ਕਰੈਡਿੱਟ ਰੇਟਿੰਗ ਸੇਵਾ ਸੰਸਥਾਵਾਂ ਨੂੰ ਆਪਣੀ ਗੁੰਜਾਇਸ (ਐਸ.ਸੀ.ਕਿਊ.ਐਫ) ਵਿੱਚ ਸ਼ਾਮਲ ਕਰਾਉਣ ਦਾ ਮੌਕਾ ਦਿੰਦੀ ਹੈ।
- ਸਾਡੀਆਂ ਯੋਗਤਾਵਾਂ ਅਤੇ ਸੇਵਾਵਾਂ ਨੂੰ ਸਮਰੱਥਨ ਦੇਣ ਵਾਸਤੇ ਸਾਡੀਆਂ ਖੋਜ ਅਤੇ ਜਾਣਕਾਰੀ ਸੇਵਾਵਾਂ ਜਾਣਕਾਰੀ, ਗੁੱਪਤ ਸੂਚਨਾ, ਮੋਟੇ ਮੋਟੇ ਨੁੱਕਤੇ, ਸਾਂਖਿਅਕੀ ਵਿਸ਼ਲੇਸ਼ਣ ਅਤੇ ਬੁਨਿਆਦੀ ਖੋਜ ਮੁਹਈਆ ਕਰਦੀ ਹੈ। ਇਸ ਵਿੱਚੋਂ ਜਿਆਦਾ ਕਾਰਜਕਾਰੀ ਸਾਡੇ ਵੈਬਸਾਈਟ ਤੇ ਉਪਲਬੱਧ ਹੈ।

- ਸਮਰਪੱਤ ਗਾਹਕ ਸਾਹਾਰਾ ਵਿਸ਼ੇਸ਼ੱਗਾਂ ਦੀ ਟੀਮ ਸਾਡੀਆਂ ਯੋਗਤਾਵਾਂ ਵਰਤਣ ਵਾਲੀਆਂ ਸੰਸਥਾਵਾਂ ਨੂੰ ਮਦਦ ਅਤੇ ਸਾਹਾਰਾ ਪ੍ਰਦਾਨ ਕਰਦੀਆਂ ਹਨ, ਅਤੇ ਹਰ ਕੇਂਦਰ ਕੋਲ ਐਸ.ਕਿਊ.ਏ. ਵਿੱਚ ਨਾਮੀ ਸੰਪਰਕ ਮੌਜੂਦ ਹੈ। ਅਸੀਂ ਪਰੀਖਿਆਰਥੀਆਂ ਲਈ ਰਾਸ਼ਟਰੀ ਯੋਗਤਾਵਾਂ ਦੇ ਇਮਤਿਹਾਨਾਂ ਲਈ ਸਾਲਾਨਾ ਦੌਰੇ ਦੌਰਾਨ ਵੀ ਮਦਦ ਅਤੇ ਸਲਾਹ ਪ੍ਰਦਾਨ ਕਰਦੇ ਹਾਂ।

## ਐਸ਼.ਕਿਊ.ਏ. ਇੰਟਰਨਾਸ਼ਨਲ

**ਐਸ਼.ਕਿਊ.ਏ. ਇੰਟਰਨਾਸ਼ਨਲ ਵਿੱਦਿਆ ਅਤੇ ਸਿੱਖਲਾਈ ਦੇ ਵੱਧ ਰਹੇ ਸੰਸਾਰੀਕਰਨ ਵੱਜੋਂ ਪੈਦਾ ਹੋਏ ਵੰਗਾਰਾਂ ਦਾ ਸਾਹਮਣਾ ਕਰਨ ਲਈ ਸੱਭ ਤੋਂ ਅੱਗੇ ਹੈ।** ਅਸੀਂ ਆਪਣੀਆਂ ਸਮਰੱਥਾਵਾਂ ਅਤੇ ਵਿਸ਼ੇਸ਼ੱਗਤਾ ਸਾਂਝੀ ਕਰਕੇ ਸੰਸ਼ਾਰ ਭਰ ਵਿੱਚ ਸਿੱਖਿਆ, ਸਿੱਖਲਾਈ, ਅਤੇ ਮੁਲਾਂਕਣ ਦਾ ਵਿਕਾਸ ਕਰਨ ਲਈ ਮਦਦ ਕਰਨ ਵਾਸਤੇ ਵਚਨਬੱਧ ਹਾਂ।

**ਅਸੀਂ ਇਹ ਮੁੱਖ ਖੇਤਰਾਂ ਦੁਆਰਾ ਪ੍ਰਾਪਤ ਕਰਨ ਦਾ ਉਪਰਾਲਾ ਕਰਦੇ ਹਾਂ:**

- ਅੰਤਰਰਾਸ਼ਟਰੀ ਮਿਆਰ ਸਥਾਪਤੀ ਅਤੇ ਗੁੱਪਤ ਸੂਚਨਾ
- ਸਕੌਟਲੈਂਡ ਦੀ ਵਿੱਦਿਆ ਅਤੇ ਸਿੱਖਲਾਈ ਦਾ ਸੰਸਾਰ ਭਰ ਵਿੱਚ ਪ੍ਰੋਤਸਾਹਿਨ
- ਸੰਸਾਰ ਭਰ ਵਿੱਚ ਵਿੱਦਿਆ ਅਤੇ ਸਿੱਖਲਾਈ ਦੇ ਵਿਕਾਸ ਦਾ ਸਮਰੱਥਨ

**ਸਾਡੀਆਂ ਪ੍ਦਾਨ ਕੀਤੀਆਂ ਸੇਵਾਵਾਂ ਵਿੱਚ ਇਹ ਸ਼ਾਮਲ ਹਨ:**

- ਅੰਤਰਰਾਸ਼ਟਰੀ ਸਲਾਹ ਮਸ਼ਵਰਾ
- ਅੰਤਰਰਾਸ਼ਟਰੀ ਪੁਰਸਕਾਰ ਦੇਣੇ
- ਪੜ੍ਹਾਈ ਅਤੇ ਸਿੱਖਿਆ ਦੌਰੇ – ਤਜ਼ਰਬੇ ਦੁਆਰੇ ਸਾਂਝ ਪਾਉਣੀ ਅਤੇ ਸਿੱਖਣਾ

ਐਸ.ਕਿਊ.ਏ. ਯੋਗਤਾਵਾਂ ਯੂਰੋਪ, ਔਸਟਰਾਲੇਸ਼ੀਆ, ਸੱਬ-ਸਹਾਰਨ ਅਫਰੀਕਾ ਅਤੇ ਮੱਧ ਪੂਰਬ ਵਿੱਚ ਦੇਸ਼ਾਂ ਅਤੇ ਸੰਸਥਾਵਾਂ ਨੂੰ ਪ੍ਦਾਨ ਕੀਤੀਆਂ ਜਾ ਰਹੀਆਂ ਹਨ ਅਤੇ ਇਹ ਸੂਚੀ ਲੰਮ੍ਹੀ ਹੋ ਰਹੀ ਹੈ।

## ਐਸ.ਕਿਊ.ਏ. ਬਾਰੇ

**ਐਸ.ਕਿਊ.ਏ. ਨੂੰ ਪ੍ਰਬੰਧਕੀ ਬੋਰਡ ਅਤੇ ਐਕਯੈਕਟਿੱਵ ਪ੍ਰਬੰਧਕੀ ਟੀਮ ਚਲਾਉਂਦੀ ਹੈ। ਬੋਰਡ ਦੇ ਮੈਂਬਰ ਸਕੌਟਲੈਂਡ ਦੀ ਸਰਕਾਰ ਨਿਯੁੱਕਤ ਕਰਦੀ ਹੈ, ਅਤੇ ਵਿਸਤਰਤ ਪ੍ਕਾਰ ਦੀਆਂ ਸਕੌਟਿਸ਼ ਵਿੱਦਿਅਕ ਅਤੇ ਤਿਜਾਰਤੀ ਸੰਸਥਾਵਾਂ ਤੋਂ ਲਏ ਜਾਂਦੇ ਹਨ।** ਅਸੀਂ ਸਕੌਟਲੈਂਡ ਦੀ ਸਰਕਾਰ ਅਤੇ ਸਕੌਟਲੈਂਡ ਦੇ ਪਹਿਲੇ ਮੰਤਰੀ ਨੂੰ ਰਿਪੋਰਟ ਕਰਦੇ ਹਾਂ।

ਸਾਡੇ ਕੋਲ ਕਰੀਬ 650 ਪੇਸ਼ਾਵਰ ਅਤੇ ਇੰਤਜ਼ਾਮੀਆਂ ਵਿਭਾਗੀ ਕਰਮਚਾਰੀ ਹਨ ਜਿਹੜੇ ਗਲਾਸਗੋ ਸਿੱਟੀ ਸੈਂਟਰ ਅਤੇ ਡਾਲਕੀਥ, ਐਡਿੰਬਰਾ ਕੋਲ, ਵਿੱਚ ਦਫ਼ਤਰਾਂ ਤੋਂ ਕਾਰਜਕਾਰੀ ਕਰਦੇ ਹਨ। ਅਸੀਂ ਆਪਣੀ ਆਮਦਨ ਤੋਂ ਹੀ ਆਪਣਾ ਖਰਚਾ ਕਰਦੇ ਹਾਂ, ਅਤੇ ਸਾਡੀ ਆਮਦਨ ਸਾਡੀਆਂ ਯੋਗਤਾਵਾਂ ਅਤੇ ਸੇਵਾਵਾਂ ਵੇਚਣ ਤੋਂ ਆਉਂਦੀ ਹੈ।

ਸਾਡੇ ਦਫ਼ਤਰੀ ਅਤੇ ਬਾਹਰੀ ਵਿਭਾਗੀ ਕਰਮਚਾਰੀਆਂ ਤੋਂ ਇਲਾਵਾ, 15,000 ਤੋਂ ਵੱਧ ਪੜ੍ਹਾਈ ਕਰਾਉਣ ਵਾਲੇ ਪੇਸ਼ਾਵਰ ਸਾਡਾ ਮੁਲਾਂਕਣ, ਮਿਆਰਾਂ ਦੀ ਤਸਦੀਕੀ ਅਤੇ ਵਿਕਾਸ ਕਾਰਵਾਈਆਂ ਦੇ ਪ੍ਰਬੰਧ ਅਤੇ ਨੂੰ ਮੁਹਈਅ ਕਰਨ ਵਿੱਚ ਸਹਾਇਤਾ ਕਰਦੇ ਹਨ।

## ਵਧੇਰੇ ਜਾਣਕਾਰੀ ਲਈ

ਸਾਡੀ ਕਸਟਮਰ ਰੀਲੇਸ਼ਨਜ਼ ਅਤੇ ਮਾਰਕਟਿੰਗ ਟੀਮ ਤੁਹਾਨੂੰ ਬਹੁਤ ਖੁਸ਼ੀ ਨਾਲ ਸਾਡੀਆਂ ਸੱਭ ਵਸਤੂਆਂ ਅਤੇ ਸੇਵਾਵਾਂ ਬਾਰੇ ਵਧੇਰੇ ਜਾਣਕਾਰੀ ਦੇਵੇਗੀ। ਕਿਰਪਾ ਕਰਕੇ ਇਥੇ ਸੰਪਰਕ ਕਰੋ:


| | |
|---|---|
| ਫ਼ੋਨ | 0845 279 1000 |
| ਈ-ਮੇਲ | customer@sqa.org.uk |
| ਵੈਬ | www.sqa.org.uk |
| ਡਾਕ | Customer Relations and Marketing<br>SQA<br>The Optima Building<br>58 Robertson Street<br>Glasgow<br>G2 8DQ |


FD3808 ਜੂਨ 2007